# BUDHA DAL PUBLIC SCHOOL PATIALA

## Final Examination (19 March 2026)

**Class - VI**

**Paper - Punjabi**

**Set - B**

**MM: 80**

**Time: 3 hrs.**

ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ - ਖੁੱਲ੍ਹੀ ਕਰਨ ਦਾ ਜਤਨ ਕਰੋ।

**ਪੜ੍ਹਨ-ਕੌਸ਼ਲ**

**1) ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:** (5×1=5)

ਪੰਜਾਬ ਦੀਆਂ ਲੋਕ-ਖੇਡਾਂ ਬਹੁਤ ਦਿਲਚਸਪ ਹਨ। ਇਹਨਾਂ ਖੇਡਾਂ ਲਈ ਇਕੱਠੇ ਹੋਣ ਦਾ ਬੱਚਿਆਂ ਦਾ ਆਪਣਾ ਹੀ ਢੰਗ ਹੈ। ਉਹ
ਦੂਜੇ ਸਾਥੀਆਂ ਦੇ ਮਾਪਿਆਂ ਤੋਂ ਡਰਦੇ ਕਿਸੇ ਨੂੰ ਘਰੋਂ ਸੱਦਣ ਨਹੀਂ ਜਾਂਦੇ ਸਗੋਂ ਗਲ਼ੀ ਵਿੱਚ ਹੀ ਕਿਸੇ ਥਾਂ ਖੜ੍ਹੋ ਕੇ ਇੱਕ ਬੱਚਾ ਉੱਚੀ
ਅਵਾਜ਼ ਵਿੱਚ ਸੱਦਾ ਦਿੰਦਾ ਹੈ। ਖੇਡਣ ਦਾ ਸੱਦਾ ਸੁਣਦੇ ਸਾਰ ਹੀ ਬੱਚੇ ਘਰ-ਦਿਆਂ ਤੋਂ ਚੋਰੀ ਜਾਂ ਕੋਈ ਬਹਾਨਾ ਘੜ ਕੇ ਇੱਕ ਥਾਂ
ਇਕੱਠੇ ਹੋ ਜਾਂਦੇ ਹਨ। ਆਮ ਕਰਕੇ ਪਹਿਲਾਂ ਬੱਚੇ 'ਲੁਕਣ-ਮੀਟੀ' ਤੇ 'ਛੂਆ-ਛੁਹਾਈ' ਵਾਲ਼ੀਆਂ ਖੇਡਾਂ ਖੇਡਦੇ ਸਨ। ਕਿਸੇ ਨਾ ਕਿਸੇ
ਨੇ ਮੀਟੀ ਦੇਣੀ ਹੁੰਦੀ ਹੈ, ਮੀਟੀ ਕੌਣ ਦੇਵੇ? ਇਸ ਮੰਤਵ ਲਈ ਪੁੱਗਣ ਦਾ ਨਿਯਮ ਹੈ। ਇਹਨਾਂ ਲੋਕ-ਖੇਡਾਂ ਦਾ ਸਾਡੇ ਜੀਵਨ ਵਿੱਚ
ਬਹੁਤ ਮਹੱਤਵ ਹੈ। ਇਹਨਾਂ ਤੋਂ ਸਾਨੂੰ ਕਈ ਤਰ੍ਹਾਂ ਦੀ ਜਾਣਕਾਰੀ ਮਿਲ਼ਦੀ ਹੈ। ਇਹ ਖੇਡਾਂ ਸਾਨੂੰ ਚੁਸਤ ਅਤੇ ਸਿਹਤਮੰਦ ਬਣਾਉਂਦੀਆਂ
ਹਨ।

ੳ) ਪੰਜਾਬ ਦੀਆਂ ਲੋਕ ਖੇਡਾਂ ਕਿਹੋ ਜਿਹੀਆਂ ਹਨ?


ਅ) ਆਮ ਕਰਕੇ ਪਹਿਲਾਂ ਬੱਚੇ ਕਿਹੜੀਆਂ ਖੇਡਾਂ ਖੇਡਦੇ ਸਨ?

ੲ) ਕਿਸ ਦਾ ਸਾਡੇ ਜੀਵਨ ਵਿੱਚ ਬਹੁਤ ਮਹੱਤਵ ਹੈ?

ਸ) ਲੋਕ ਖੇਡਾਂ ਸਾਨੂੰ ਕੀ ਬਣਾਉਂਦੀਆਂ ਹਨ?

ਸ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

**2) ਹੇਠ ਲਿਖੇ ਚਿੱਤਰ ਨੂੰ ਵੇਖ ਕੇ ਆਪਣੇ ਭਾਵ 40-50 ਸ਼ਬਦਾਂ ਵਿੱਚ ਲਿਖੋ।** (4×1=4)



B-1

Scanned with OKEN Scanner

## ਵਿਆਕਰਨ

3) ਹੇਠਾਂ ਦਿੱਤੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਉਹਨਾਂ ਦੇ ਅਰਥ ਸਪੱਸ਼ਟ ਹੋ ਜਾਣ: (4×1=4)

ੳ) ਸੱਜੀ ਬਾਂਹ ਹੋਣਾ

ਅ) ਹੱਥ ਅੱਡਣਾ

ੲ) ਇੱਕ ਮੁੱਠ ਹੋਣਾ

ਸ) ਹੱਥਾਂ ਦੇ ਤੋਤੇ ਉੱਡਣਾ

4) ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ: (2×1=2)

ੳ) ਨਵੀਆਂ-ਨਵੀਆਂ ਖੋਜਾਂ ਕਰਨ ਵਾਲਾ -

ਅ) ਇੱਕ ਦੂਜੇ ਦੀ ਦੇਖਾ-ਦੇਖੀ ਕੰਮ ਕਰਨਾ -

5) ਹੇਠ ਲਿਖੇ ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ: (2×1=2)

ਗ਼ਮ, ਵਿਸ਼ਵਾਸ

6) ਹੇਠ ਲਿਖੇ ਅਗੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ: (2×1=2)

ਅਪ, ਬਦ

7) ਹੇਠ ਲਿਖੇ ਪਿਛੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ: (2×1=2)

ਸਾਰ, ਦਾਨੀ

8) ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ: (4×½=2)

ਬੁੱਢਾ, ਚਰਖਾ, ਪੁੱਤਰ, ਰੰਬਾ

9) ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ: (4×½=2)

ਕੌਲ਼ੀ, ਚਰਖਾ, ਆਲੂ, ਹੈ

10) ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ: (4×½=2)

ਮੁਸ਼ਕਲ, ਖੁਸ਼, ਕਮਜ਼ੋਰ, ਚਲਾਕ

11) ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ: (4×½=2)

ਗਿਯਾ, ਕਨਕ, ਏਨਕ, ਮੇਹਨਤ

12) ਹੇਠ ਲਿਖੇ ਵਾਕਾਂ ਵਿੱਚੋਂ ਨਾਂਵ ਸ਼ਬਦ ਚੁਣ ਕੇ ਉਹਨਾਂ ਦੀ ਕਿਸਮ ਲਿਖੋ: (2×1=2)

ੳ) ਖੀਰ ਸੁਆਦ ਹੈ।

ਅ) ਸਤਲੁਜ ਦਰਿਆ ਵਗ ਰਿਹਾ ਹੈ।

B-2

Scanned with OKEN Scanner

1=4)

13) **ਹੇਠ ਲਿਖੇ ਵਾਕਾਂ ਵਿੱਚੋਂ ਪੜਨਾਂਵ ਸ਼ਬਦ ਚੁਣ ਕੇ ਉਹਨਾਂ ਦੀ ਕਿਸਮ ਲਿਖੋ:** (2×1=2)

ੳ) ਅਸੀਂ ਆਪਸ ਵਿੱਚ ਮਿਲ ਕੇ ਰਹਿੰਦੇ ਹਾਂ।

ਅ) ਤੁਸੀਂ ਕਿੱਥੇ ਗਏ ਸੀ?

14) **ਹੇਠ ਲਿਖੇ ਵਾਕ ਵਿੱਚ ਲੋੜੀਂਦੇ ਵਿਸ਼ਰਾਮ ਚਿੰਨ੍ਹ ਲਗਾ ਕੇ ਦੁਬਾਰਾ ਲਿਖੋ:** (2×1=2)

ੳ) ਵਾਹ ਕਿੰਨਾ ਸੁਹਣਾ ਬਾਗ ਹੈ

ਅ) ਰੋਹਨ ਹੌਲੀ ਹੌਲੀ ਤੁਰਦਾ ਹੈ

## ਪਾਠ ਪੁਸਤਕ ਤੇ ਅਧਾਰਤ

15) **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਦਿਓ। (ਕੋਈ ਛੇ):** (6×1=6)

ੳ) ਰੁੱਖ ਕੀ ਲਿਆਉਣ ਵਿੱਚ ਸਹਾਈ ਹੁੰਦੇ ਹਨ?

ਅ) ਪਹਿਲੀ ਗੱਪ ਕਿਸ ਨੇ ਮਾਰੀ?

ੲ) ਗਹਿਣਿਆਂ ਵਿੱਚੋਂ ਪ੍ਰਮੁੱਖ ਗਹਿਣਾ ਕਿਹੜਾ ਹੈ?

ਸ) ਬੁੱਢੀ ਔਰਤ ਨੇ ਆਪਣੇ ਹੱਥ ਵਿੱਚ ਕੀ ਫੜਿਆ ਹੋਇਆ ਸੀ?

ਹ) ਇਕਾਂਗੀ ਵਿੱਚ ਅਫ਼ਸਰ ਦਾ ਕੀ ਨਾਂ ਸੀ?

ਕ) ਹੈਰੀ ਅਤੇ ਜਸਲੀਨ ਨੇ ਕਤੂਰਿਆਂ ਦੇ ਕੀ ਨਾਮ ਰੱਖੇ?

ਖ) ਮਹਾਰਾਜਾ ਰਣਜੀਤ ਸਿੰਘ ਦੇ ਮਾਤਾ-ਪਿਤਾ ਦਾ ਨਾਂ ਲਿਖੋ।

16) **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਤਿੰਨ-ਚਾਰ ਸਤਰਾਂ (35-40 ਸ਼ਬਦਾਂ) ਵਿੱਚ ਦਿਓ: (ਕੋਈ ਛੇ)** (6×2=12)

ੳ) ਕੀ ਜਾਣ ਕੇ ਜਸਲੀਨ ਦਾ ਡਰ ਖ਼ਤਮ ਹੋ ਗਿਆ?

ਅ) ਰੁੱਖਾਂ ਤੇ ਆਲ੍ਹਣੇ ਕੌਣ ਬਣਾਉਂਦੇ ਹਨ?

ੲ) ਮਹਾਰਾਜਾ ਰਣਜੀਤ ਸਿੰਘ ਨੇ ਵੱਟਾ ਮਾਰਨ ਵਾਲੇ ਮੁੰਡੇ ਨੂੰ ਕੀ ਦਿੱਤਾ ਅਤੇ ਕਿਉਂ?

ਸ) ਪੰਛੀ ਰੁੱਖਾਂ ਤੇ ਬੈਠ ਕੇ ਸੁਣਾਉਂਦੇ ਹਨ?

ਹ) ਕਿਸ ਦਾ ਪੰਜਾਬ ਵਾਸੀਆਂ ਦੇ ਪਹਿਰਾਵੇ ਤੇ ਰਹਿਣੀ-ਬਹਿਣੀ ਉੱਪਰ ਡੂੰਘਾ ਪ੍ਰਭਾਵ ਪੈਣਾ ਸ਼ੁਰੂ ਹੋ ਗਿਆ?

ਕ) ਚਾਰੋਂ ਸਾਥੀ ਕੰਮ ਦੀ ਭਾਲ ਲਈ ਕਿੱਥੇ ਗਏ ਤੇ ਉਹਨਾਂ ਨੂੰ ਕੋਈ ਕੰਮ ਕਿਉਂ ਨਾ ਲੱਭਾ?

ਖ) ਲਾਊਡ ਸਪੀਕਰ ਬੰਦ ਕਰਨ ਸੰਬੰਧੀ ਸੀਨੀਅਰ ਅਧਿਕਾਰੀ ਨੇ ਕੀ ਕਿਹਾ?

17) **ਖਾਲੀ ਥਾਵਾਂ ਭਰੋ:** (3×1=3)

ੳ) ਉਹਨਾਂ ਨੇ ਉਸ ਖੇਤ ਵਿੱਚ .................. ਲਾ ਦਿੱਤਾ।

ਅ) ਮਹਾਰਾਜ ਆਪਣੀ ................ ਨੂੰ ਬਹੁਤ ਪਿਆਰ ਕਰਦੇ ਸਨ।

ੲ) ਕਤੂਰੇ ................ ਵਰਗੇ ਮੁਲਾਇਮ ਸਨ।

B-3

Scanned with OKEN Scanner

**18) ਹੇਠ ਲਿਖੇ ਵਾਕਾਂ ਵਿੱਚ ਸਹੀ ਵਾਕ ਅੱਗੇ ਸਹੀ (   ) ਅਤੇ ਗਲਤ ਵਾਕ ਅੱਗੇ ਗਲਤ (   ) ਦਾ ਨਿਸ਼ਾਨ ਲਗਾਓ:** **(4×½=2)**

ੳ) ਸੱਗੀ ਫੁੱਲ ਨੱਕ ਦੇ ਸ਼ਿੰਗਾਰ ਦਾ ਗਹਿਣਾ ਹੈ।

ਅ) ਤਿੰਨਾਂ ਨੇ ਆਪਣੇ ਸੌ-ਸੌ ਰੁਪਏ ਕਿਰਸਾਣ ਦੇ ਪੁੱਤਰ ਨੂੰ ਦੇ ਦਿੱਤੇ।

ੲ) ਸਾਨੂੰ ਜਾਨਵਰਾਂ ਦੀਆਂ ਭਾਵਨਾਵਾਂ ਨੂੰ ਸਮਝਣਾ ਚਾਹੀਦਾ ਹੈ?

ਸ) ਬੁੱਢੀ ਔਰਤ ਆਪਣੇ ਤਵੇ ਨੂੰ ਚਾਂਦੀ ਦਾ ਬਣਾਉਣਾ ਚਾਹੁੰਦੀ ਸੀ।

**19) ਹੇਠ ਲਿਖੇ ਸ਼ਬਦ ਕਿਸ ਨੇ ਕਿਸ ਨੂੰ ਕਹੇ:** **(2×1=2)**

ੳ) "ਬੱਚੇ ਕਿਉਂ ਆਏ? ਉਨ੍ਹਾਂ ਨੂੰ ਕੀ ਲੋੜ ਸੀ ਇੱਥੇ ਆਉਣ ਦੀ।"

ਅ) "ਮੈਂ ਬਹੁਤ ਗ਼ਰੀਬ ਹਾਂ। ਮੇਰੀ ਲੜਕੀ ਦਾ ਵਿਆਹ ਹੈ।"

**20) ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋਂ: (ਕੋਈ ਪੰਜ)** **(5×1=5)**

ਵਿਆਹ, ਸ਼ਿਕਾਇਤ, ਉਸਾਰੀ, ਵਾਰ ਕਰਨਾ, ਕਮਾਈ, ਸ਼ਿੰਗਾਰ

**ਲਿਖਣ-ਕੌਸ਼ਲ**

**21) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ।** **(8)**

**ਸ੍ਰੀ ਗੁਰੂ ਗੋਬਿੰਦ ਸਿੰਘ ਜੀ**

ਨੁਕਤੇ -

ਜਾਣ-ਪਛਾਣ, ਜਨਮ, ਮਾਤਾ-ਪਿਤਾ ਅਤੇ ਬਚਪਨ, ਅੰਨਦਪੁਰ ਸਾਹਿਬ ਆਉਣਾ, ਪਿਤਾ ਤੇਗ਼ ਬਹਾਦਰ ਸਾਹਿਬ ਜੀ ਦੀ ਕੁਰਬਾਨੀ, ਜੰਗੀ ਤਿਆਰੀਆਂ, ਖਾਲਸਾ ਪੰਥ ਕੀ ਸਥਾਪਨਾ, ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ, ਨੰਦੇੜ ਵੱਲ ਰਵਾਨਗੀ ਜੋਤੀ-ਜੋਤ ਸਮਾਉਣਾ, ਸਿੱਖਿਆ, ਸਾਰੰਸ਼।

**ਜਾਂ**

**26 ਜਨਵਰੀ**

ਨੁਕਤੇ -

ਜਾਣ-ਪਛਾਣ, ਭਾਰਤ ਦੀ ਗ਼ੁਲਾਮੀ, ਸੰਵਿਧਾਨ ਦਾ ਨਿਰਮਾਣ, ਮੁੱਖ ਸਮਾਗਮ, ਰਾਜ ਪੱਧਰ ਤੇ ਸਮਾਗਮ, ਖ਼ਾਸ ਪ੍ਰੋਗਰਾਮ, ਸਿੱਖਿਆ, ਸਾਰੰਸ਼।

**22) ਕੋਈ ਇੱਕ ਪੱਤਰ ਲਿਖੋ।** **(7)**

ਆਪਣੇ ਸਕੂਲ ਦੇ ਪ੍ਰਿੰਸੀਪਲ ਸਾਹਿਬ ਜੀ ਨੂੰ ਜੁਰਮਾਨਾ ਮੁਆਫ਼ੀ ਲਈ ਬਿਨੈ-ਪੱਤਰ ਲਿਖੋ।

**ਜਾਂ**

ਆਪਣੇ ਸਕੂਲ ਦੇ ਮੁੱਖ ਅਧਿਆਪਕ ਜੀ ਨੂੰ ਫ਼ੀਸ ਮੁਆਫ਼ੀ ਲਈ ਬਿਨੈ-ਪੱਤਰ ਲਿਖੋ।

B-4

Scanned with OKEN Scanner